# ਆਓ ਭਾਰਤ ਨੂੰ ਜਾਣੀਏ।

(ਭਾਰਤੀ ਭਾਸ਼ਾ ਵਿੱਚ ਸੰਵਾਦ)

ਹੇਠਾਂ ਦਿੱਤੇ ਵਾਕ ਉਸ ਰਾਜ ਦੇ ਲੋਕਾਂ ਨਾਲ ਤੁਹਾਡੀ ਗੱਲਬਾਤ ਦਾ ਹਿੱਸਾ ਹੋ ਸਕਦੇ ਹਨ ਜਿੱਥੇ ਤੁਸੀਂ ਘੁੰਮਣ ਜਾ ਰਹੇ ਹੋ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਰਾਜ ਦੀ ਭਾਸ਼ਾ ਨਾਲ ਪਰਿਚਿਤ ਹੋਣਾ ਹਰ ਰੋਜ਼ ਦੀਆਂ ਬੁਨਿਆਦੀ ਲੋੜਾਂ ਲਈ,ਉਸ ਰਾਜਅਤੇ ਉਸਦੇ ਮਹਾਨ ਇਤਿਹਾਸਕ ਮਹੱਤਵ ਨੂੰ ਜਾਣਨ ਲਈ ਬਹੁਤ ਜ਼ਰੂਰੀ ਹੈ। ਤੁਸੀਂ ਆਪਣੀ ਗੱਲਬਾਤ ਨੂੰ ਦਿਲਚਸਪ ਬਣਾਉਣ ਲਈ ਥੀਮਾਂ ਅਤੇ ਵਾਕਾਂ ਦੇ ਕ੍ਰਮ ਨੂੰ ਬਦਲ ਸਕਦੇ ਹੋ ਅਤੇ ਪੁੱਛਗਿੱਛ ਨੂੰ ਢੁੱਕਵਾਂ ਬਣਾ ਸਕਦੇ ਹੋ। ਅਸੀਂ ਇਹ ਵੀ ਸੁਝਾਅ ਦੇਣਾ ਚਾਹਾਂਗੇ ਕਿ ਤੁਸੀਂ ਰਾਜ ਬਾਰੇ ਜਾਣਨ ਅਤੇ ਯਾਤਰਾ ਦੀ ਯੋਜਨਾ ਬਣਾਉਣ ਲਈ ਪ੍ਰਮਾਣਿਕ ਵੈੱਬਸਾਈਟਾਂ ਤੇ  ਹੀ ਜਾਓ।

ਭਾਸ਼ਾ

1. ਤੁਹਾਡੇ ਖੇਤਰ ਦੀ ਮੁੱਖ ਭਾਸ਼ਾ ਕਿਹੜੀ ਹੈ?
2. ਤੁਹਾਡੇ ਰਾਜ ਵਿੱਚ ਕਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ?
3. ਤੁਹਾਡੇ ਰਾਜ ਦੀ ਸਰਕਾਰੀ ਭਾਸ਼ਾ ਕੀ ਹੈ?
4. ਤੁਹਾਡੇ ਰਾਜ ਭਾਸ਼ਾ ਦੀ ਲਿਪੀ ਕੀ ਹੈ?
5. ਤੁਹਾਡੀ ਰਾਜ ਭਾਸ਼ਾ ਦੀ ਵਰਣਮਾਲਾ ਵਿੱਚ ਅੱਖਰਾਂ ਦੀ ਗਿਣਤੀ ਕਿੰਨੀ ਹੈ?

ਰਾਜ

6. ਤੁਹਾਡੇ ਰਾਜ ਦੇ ਸਰਹੱਦੀ ਖੇਤਰਾਂ ਤੇ ਕਿਹੜੇ ਰਾਜ ਹਨ?
7. ਤੁਹਾਡੇ ਰਾਜ ਦੀ ਸਥਾਪਨਾ ਕਿਸ ਸਾਲ ਹੋਈ ਸੀ?
8. ਤੁਹਾਡੇ ਰਾਜ ਦੀ ਵਿਧਾਨ ਸਭਾ ਵਿੱਚ ਕਿੰਨੀਆਂ ਸੀਟਾਂ ਹਨ?
9. ਤੁਹਾਡੇ ਰਾਜ ਦੇ  ਮੁੱਖ ਮੰਤਰੀ ਅਤੇ ਰਾਜਪਾਲ ਕੌਣ ਹੈ?
10. ਤੁਹਾਡੇ ਰਾਜ ਦੀ ਹਾਈ ਕੋਰਟ ਕਿੱਥੇ ਸਥਿਤ ਹੈ?
11. ਤੁਹਾਡੇ ਰਾਜ ਵਿੱਚ ਕਿੰਨੇ ਜ਼ਿਲ੍ਹੇ ਹਨ?
12. ਤੁਹਾਡੇ ਰਾਜ ਦਾ ਸਿੱਖਿਆ ਮੰਤਰੀ ਕੌਣ ਹੈ?

ਯਾਤਰਾ ਕਰਨ ਲਈ ਸਥਾਨ

13. ਠੀਕ ਹੈ, ਇਸ ਲਈ ਮੈਨੂੰ ਆਪਣੇ ਖੇਤਰ ਦੀਆਂ ਦੇਖਣ ਵਾਲੀਆਂ ਜਗ੍ਹਾ ਬਾਰੇ ਦੱਸੋ।
14. ਕੀ ਤੁਸੀਂ ਦੱਸ ਸਕਦੇ ਹੋ ਕਿ ਇਸ ਖੇਤਰ ਨਾਲ ਕਿਹੜਾ ਮੁੱਖ ਰਾਸ਼ਟਰੀ ਰਾਜਮਾਰਗ ਜੁੜਦਾ ਹੈ?
15. ਕੀ ਅਸੀਂ ਇੱਕ ਦਿਨ ਵਿੱਚ ਸਾਰੇ ਸੁੰਦਰ ਸਥਾਨਾਂ ਦਾ ਦੌਰਾ ਕਰ ਸਕਦੇ ਹਾਂ?

ਵਿੱਦਿਅਕ  ਸੰਸਥਾਵਾਂ

16. ਮੈਂ ਸ਼ਹਿਰ/ਕਸਬੇ ਵਿੱਚ ਵਿੱਦਿਅਕ ਸੰਸਥਾਵਾਂ ਬਾਰੇ ਜਾਣਨਾ ਚਾਹੁੰਦਾ/ਚਾਹੁੰਦੀ ਹਾਂ।

17. ਕੀ ਤੁਸੀਂ ਮੈਨੂੰ ਇੱਕ ਸਥਾਪਿਤ ਅਤੇ ਮੰਨੀ ਪਰਮੰਨੀ ਵਿਦਿਅਕ ਸੰਸਥਾ ਬਾਰੇ ਦੱਸ ਸਕਦੇ ਹੋ?

18. ਉੱਥੇ ਉੱਚ ਸਿੱਖਿਆ ਲਈ ਕਿਹੜੀਆਂ ਸੰਸਥਾਵਾਂ ਹਨ?

19.ਮੈਨੂੰ ਤਕਨੀਕੀ ਸਿੱਖਿਆ ਲਈ ਵੀ  ਸੰਸਥਾਵਾਂ ਬਾਰੇ ਕੁਝ ਦੱਸੋ।

20. ਮੈਂ ਇੱਕ ਪ੍ਰਾਇਮਰੀ ਸਕੂਲ ਜਾਣਾ ਚਾਹੁੰਦਾ ਹਾਂ! ਕਿਰਪਾ ਕਰਕੇ ਦੱਸੋ ਕਿ ਮੈਨੂੰ ਕਿਸ ਸਕੂਲ ਵਿੱਚ ਅਤੇ ਕਿਵੇਂ ਜਾਣਾ ਚਾਹੀਦਾ ਹੈ?

ਬਾਜ਼ਾਰ

21. ਤੁਹਾਡੇ ਇਲਾਕੇ ਦਾ ਸਭ ਤੋਂ ਪੁਰਾਣਾ ਬਾਜ਼ਾਰ ਕਿਹੜਾ ਅਤੇ ਕਿੱਥੇ ਹੈ?

22. ਉਸ ਬਾਜ਼ਾਰ ਤੱਕ ਆਸਾਨੀ ਨਾਲ ਕਿਵੇਂ ਪਹੁੰਚਣਾ ਹੈ, ਕਿਰਪਾ ਕਰਕੇ ਕੁਝ ਜਾਣਕਾਰੀ ਦਿਓ।

23. ਤੁਹਾਡੇ ਖੇਤਰ ਦੇ ਸਭ ਤੋਂ ਪੁਰਾਣੇ ਬਾਜ਼ਾਰ ਦਾ ਮੁੱਖ ਆਕਰਸ਼ਣ ਕੀ ਹੈ?

ਤਿਉਹਾਰ

24. ਕਿਰਪਾ ਕਰਕੇ ਮੈਨੂੰ ਇਸ ਸਥਾਨ ਦੇ ਤਿਉਹਾਰਾਂ ਬਾਰੇ ਵੀ ਕੁਝ ਦੱਸੋ।

25. ਕੀ ਤੁਸੀਂ ਜਲਦੀ ਹੀ ਇੱਕ ਤਿਉਹਾਰ ਮਨਾਉਣ ਜਾ ਰਹੇ ਹੋ?

26. ਤੁਹਾਡੇ ਰਾਜ ਦੇ ਪ੍ਰਮੁੱਖ ਤਿਉਹਾਰ ਕਿਹੜੇ ਹਨ?

27. ਤੁਹਾਡੇ ਰਾਜ ਵਿੱਚ ਕਿਹੜੇ ਵੱਡੇ ਤਿਉਹਾਰ ਮਨਾਏ ਜਾਂਦੇ ਹਨ?

28. ਤੁਹਾਡੇ ਰਾਜ ਵਿੱਚ ਕਿਹੜੇ ਵੱਡੇ ਮੇਲੇ ਲਗਾਏ ਜਾਂਦੇ ਹਨ?

ਪਕਵਾਨ

29. ਮੈਂ ਸਥਾਨਕ ਪਕਵਾਨਾਂ ਦਾ ਸਵਾਦ ਲੈਣਾ ਚਾਹੁੰਦਾ ਹਾਂ।ਕਿਰਪਾ ਕਰਕੇ ਮੈਨੂੰ ਕੁਝ ਰੈਸਟੋਰੈਂਟ ਦੱਸੋ ਜਿੱਥੇ ਮੈਂ ਭੋਜਨ ਦਾ ਆਨੰਦ ਲੈ ਸਕਾਂ।

30. ਤੁਹਾਡੇ ਸ਼ਹਿਰ ਵਿੱਚ ਕਿਹੜੀਆਂ ਖਾਸ ਖਾਣ-ਪੀਣ ਦੀਆਂ ਵਸਤੂਆਂ ਮਸ਼ਹੂਰ ਹਨ? ਇੱਥੇ ਭੋਜਨ ਦੀ ਵਿਸ਼ੇਸ਼ਤਾ ਕੀ ਹੈ?

31. ਕੀ ਤੁਹਾਡੇ ਸ਼ਹਿਰ ਵਿੱਚ ਮਿੱਠੇ ਜਾਂ ਨਮਕੀਨ ਭੋਜਨ ਦੀਆਂ ਚੀਜ਼ਾਂ/ਸਨੈਕਸ ਦੀਆਂ ਵਿਸ਼ੇਸ਼ ਤਿਆਰੀਆਂ ਹੁੰਦੀਆਂ ਹਨ?

32. ਕੀ ਤੁਹਾਡੇ ਸ਼ਹਿਰ ਵਿੱਚ ਭੋਜਨ ਅਤੇ ਸਨੈਕਸ ਲਈ ਕੁਝ ਖਾਸ ਪਕਵਾਨਾ ਹਨ?

33. ਕੀ ਤਿਉਹਾਰਾਂ ਦੌਰਾਨ ਖਾਣ-ਪੀਣ ਦੀਆਂ ਵਸਤੂਆਂ ਦੀਆਂ ਵਿਸ਼ੇਸ਼ ਤਿਆਰੀਆਂ ਹੁੰਦੀਆਂ ਹਨ?

34. ਕੀ ਸਿਰਫ਼ ਤੁਹਾਡੇ ਸ਼ਹਿਰ ਵਿੱਚ ਹੀ ਪਕਾਏ ਜਾਣ ਵਾਲੇ ਕੋਈ ਖਾਸ ਭੋਜਨ ਹਨ?

35. ਤੁਹਾਡੇ ਰਾਜ ਅਤੇ ਖੇਤਰ ਦਾ ਪਾਰੰਪਰਿਕ ਭੋਜਨ ਕੀ ਹੈ?

36. ਤਿਉਹਾਰਾਂ 'ਤੇ ਕਿਹੜਾ ਵਿਸ਼ੇਸ਼ ਭੋਜਨ ਤਿਆਰ ਕੀਤਾ ਜਾਂਦਾ ਹੈ?

37. ਘਰ ਵਿੱਚ ਕਿਹੜੀਆਂ ਵਿਸ਼ੇਸ਼ ਮਿਠਾਈਆਂ ਬਣਾਈਆਂ ਜਾਂਦੀਆਂ ਹਨ?

38. ਘਰਾਂ ਵਿੱਚ ਆਮ ਰੋਜ਼ਾਨਾ ਦਾ ਮੀਨੂ ਕੀ ਹੈ?

ਕੁਦਰਤੀ ਸਾਧਨ

39. ਮੈਨੂੰ ਆਪਣੇ ਖੇਤਰ ਵਿੱਚ ਪਾਣੀ ਦੇ ਕੁਦਰਤੀ ਸਰੋਤਾਂ ਜਿਵੇਂ ਨਦੀਆਂ, ਨਹਿਰਾਂ, ਤਲਾਬ ਆਦਿ ਬਾਰੇ ਦੱਸੋ।

ਪਹਾੜੀ ਖੇਤਰ

40. ਕੀ ਇੱਥੇ ਕੋਈ ਪਹਾੜੀ ਖੇਤਰ ਹੈ? ਇਸ ਖੇਤਰ ਦੀ ਪਰਬਤ ਲੜੀ ਦਾ ਨਾਮ ਕੀ ਹੈ?

41. ਸਾਨੂੰ ਆਪਣੇ ਖੇਤਰ ਵਿੱਚ ਕਿਸੇ ਵਿਸ਼ੇਸ਼ ਸਥਾਨ ਬਾਰੇ ਵੀ ਦੱਸੋ ਜੋ ਦੇਖਣਾ/ਜਾਣਨਾ ਬਹੁਤ ਜ਼ਰੂਰੀ ਹੈ।

ਮੌਸਮ

42. ਇੱਥੇ ਆਮ ਤੌਰ 'ਤੇ ਮੌਸਮ ਕਿਹੋ ਜਿਹਾ ਹੁੰਦਾ ਹੈ?

43. ਤੁਹਾਡੇ ਸ਼ਹਿਰ ਦੀ ਯਾਤਰਾ ਕਰਨ ਲਈ ਕਿਹੜਾ ਮੌਸਮ ਸਭ ਤੋਂ ਵਧੀਆ ਰਹੇਗਾ?

ਫਸਲ

44. ਇੱਥੇ ਦੀ ਮੁੱਖ ਫਸਲ ਕੀ ਹੈ?

45. ਅੱਜ ਕੱਲ੍ਹ ਖੇਤਾਂ ਵਿੱਚ ਕਿਹੜੀ ਫ਼ਸਲ ਉਗਾਈ ਜਾਂਦੀ ਹੈ?

ਗੀਤ, ਸੰਗੀਤ, ਨਾਚ, ਕਲਾ, ਸੱਭਿਆਚਾਰ, ਕਲਾ ਦੇ ਰੂਪ

46. ਤੁਹਾਡੇ ਸ਼ਹਿਰ ਵਿੱਚ ਕਿਹੜੇ ਦਸਤਕਾਰੀ ਮਸ਼ਹੂਰ ਹਨ?

47. ਤੁਹਾਡੇ ਸ਼ਹਿਰ ਵਿੱਚ ਕਿਹੜੀਆਂ ਲੋਕ ਕਲਾਵਾਂ ਮਸ਼ਹੂਰ ਹਨ?

48. ਮੈਂ ਤੁਹਾਡੇ ਸ਼ਹਿਰ ਦੀਆਂ ਮਸ਼ਹੂਰ ਦਸਤਕਾਰੀ ਅਤੇ ਦਸਤਕਾਰੀ ਚੀਜ਼ਾਂ ਖਰੀਦਣਾ ਚਾਹੁੰਦਾ ਹਾਂ। ਕੀ ਤੁਸੀਂ ਮੈਨੂੰ ਇੱਕ ਉਚਿੱਤ ਥਾਂ ਦਾ ਸੁਝਾਅ ਦੇ ਸਕਦੇ ਹੋ?

49. ਤੁਹਾਡੇ ਸ਼ਹਿਰ ਦੇ ਲੋਕ ਨਾਚ ਨੂੰ ਆਪਣੀਆਂ ਅੱਖਾਂ ਨਾਲ ਵੇਖਣਦੀ ਮੇਰੀ ਬਹੁਤ ਚਿਰ ਤੋਂ ਇੱਛਾ ਹੈ। ਮੈਂ ਉਹਨਾਂ ਨੂੰ ਕਿੱਥੇ ਦੇਖ ਸਕਦਾ ਹਾਂ?

50. ਮੈਂ ਤੁਹਾਡੇ ਸ਼ਹਿਰ ਦੇ ਲੋਕ ਗੀਤ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਚਾਹੁੰਦਾ ਹਾਂ। ਉਹ ਕਿੱਥੇ ਹੋ ਰਹੇ ਹਨ?

51. ਤੁਹਾਡੇ ਸ਼ਹਿਰ ਵਿੱਚ ਕਿਹੜਾ ਲੋਕ ਨਾਚ ਪ੍ਰਚਲਿਤ ਹੈ?

52. ਤੁਸੀਂ ਕਿਹੜਾ ਨਾਚ ਕਰਨਾ ਪਸੰਦ ਕਰਦੇ ਹੋ?

53. ਤੁਸੀਂ ਕਿਸ ਤੋਂ/ਕਿੱਥੇ/ਕਦੋਂ ਡਾਂਸ ਸਿੱਖਿਆ?

54. ਤੁਹਾਡੇ ਸ਼ਹਿਰ ਵਿੱਚ ਕਿਹੜੇ ਨਾਚ ਪ੍ਰਸਿੱਧ ਹਨ?

55. ਜੇ ਮੈਂ ਡਾਂਸ ਸਿੱਖਣਾ ਚਾਂਵਾਂ, ਤਾਂ ਮੈਂ ਤੁਹਾਡੇ ਸ਼ਹਿਰ ਵਿੱਚ ਕਿੱਥੇ ਸਿੱਖ ਸਕਦਾ ਹਾਂ?

56. ਤੁਹਾਡੇ ਸ਼ਹਿਰ ਵਿੱਚ ਨਾਚ ਦੇ ਖੇਤਰ ਵਿੱਚ ਪ੍ਰਸਿੱਧ ਲੋਕ ਕੌਣ ਹਨ?

57. ਤੁਹਾਡੇ ਸ਼ਹਿਰ ਵਿੱਚ ਕਿਹੜੇ ਸਾਜ਼ ਵਜਾਏ ਅਤੇ ਬਣਾਏ ਜਾਂਦੇ ਹਨ?

58. ਤੁਹਾਡੇ ਸ਼ਹਿਰ ਵਿੱਚ ਸੰਗੀਤਕ ਸਾਜ਼ ਵਜਾਉਣਾ ਕਿੱਥੇ ਸਿਖਾਇਆ ਜਾਂਦਾ ਹੈ?

59. ਤੁਹਾਡੇ ਸ਼ਹਿਰ ਦੇ ਘਰਾਂ ਵਿੱਚ ਤਿਉਹਾਰਾਂ, ਵਿਆਹਾਂ ਆਦਿ ਦੇ ਮੌਕੇ ਤੇ ਕਿਹੜੇ ਗੀਤ ਗਾਏ ਜਾਂਦੇ ਹਨ?

60. ਤੁਹਾਡੇ ਸ਼ਹਿਰ ਵਿੱਚ ਬੱਚੇ ਖੇਡਦੇ ਸਮੇਂ ਕਿਹੜੇ ਖੇਡ ਗੀਤ ਗਾਉਂਦੇ ਹਨ?

61. ਤੁਹਾਡੇ ਸ਼ਹਿਰ ਵਿੱਚ ਲੋਕ ਰਵਾਇਤੀ ਤੌਰ 'ਤੇ ਕਿਹੜੀ ਚਿੱਤਰਕਾਰੀ ਕਰਦੇ ਹਨ?

62. ਕੀ ਤੁਹਾਡੇ ਸ਼ਹਿਰ ਵਿੱਚ ਰਵਾਇਤੀ ਕਲਾਵਾਂ ਦਾ ਕੋਈ ਅਜਾਇਬ ਘਰ ਹੈ? ਮੈਂ ਉੱਥੇ ਕਿਵੇਂ ਪਹੁੰਚ ਸਕਦਾ ਹਾਂ?

63. ਕੀ ਤੁਹਾਡੇ ਸ਼ਹਿਰ ਵਿੱਚ ਕੋਈ ਮੇਲਾ ਲੱਗਦਾ ਹੈ? ਕਿੱਥੇ? ਕਦੋਂ?

64. ਮੈਂ ਮੇਲੇ ਵਾਲੀ ਥਾਂ ਤੇ ਕਿਵੇਂ ਪਹੁੰਚ ਸਕਦਾ ਹਾਂ?

65. ਤੁਹਾਡੇ ਸ਼ਹਿਰ ਦੇ ਮੇਲੇ ਦੀਆਂ ਕੀ ਵਿਸ਼ੇਸ਼ਤਾਵਾਂ ਹਨ?

66. ਤੁਹਾਡੇ ਸ਼ਹਿਰ ਦੇ ਮੇਲੇ ਵਿੱਚ ਕਿਹੜੇ ਲੋਕ ਕਲਾਕਾਰ ਆਉਂਦੇ ਹਨ?

67. ਤੁਹਾਡੇ ਸ਼ਹਿਰ ਵਿੱਚ ਕਿਹੜੇ ਤਿਉਹਾਰ ਮਨਾਏ ਜਾਂਦੇ ਹਨ? ਉਹ ਕਿਵੇਂ ਮਨਾਏ ਜਾਂਦੇ ਹਨ?

68. ਤੁਹਾਡੇ ਸ਼ਹਿਰ ਵਿੱਚ ਲੋਕ ਮਨੋਰੰਜਨ ਲਈ ਕੀ ਕਰਦੇ ਹਨ? ਤੁਸੀਂ ਕਿੱਥੇ ਜਾਂਦੇ ਹੋ?/ਤੁਹਾਡੇ ਸ਼ਹਿਰ ਵਿੱਚ ਮਨੋਰੰਜਨ ਦੇ ਕੀ ਸਾਧਨ ਉਪਲਬਧ ਹਨ?

69. ਤੁਹਾਡੇ ਸ਼ਹਿਰ ਵਿੱਚ ਕਿਹੜੇ ਭੋਜਨ/ਪਕਵਾਨ ਰਵਾਇਤੀ ਤੌਰ 'ਤੇ ਮਸ਼ਹੂਰ ਹਨ? ਕੀ ਤੁਸੀਂ ਉਹਨਾਂ ਨੂੰ ਬਣਾਉਣਾ ਜਾਣਦੇ ਹੋ ? ਮੈਂ ਉਨ੍ਹਾਂ ਪਕਵਾਨਾਂ ਦੀ ਕੋਸ਼ਿਸ਼ ਕਰਨਾ ਚਾਹੁੰਦਾ ਹਾਂ, ਤਾਂ ਮੈਂ ਕਿੱਥੇ ਜਾਂਵਾਂ?

70. ਮੈਨੂੰ ਤੁਹਾਡੇ ਸ਼ਹਿਰ ਦੇ ਪਕਵਾਨ ਪਸੰਦ ਹਨ।ਮੈਂ ਉਹਨਾਂ ਨੂੰ ਕਿੱਥੇ ਬਣਾਉਣਾ ਸਿੱਖ ਸਕਦਾ ਹਾਂ?

71. ਤੁਹਾਡੇ ਸ਼ਹਿਰ ਵਿੱਚ ਕਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ?

72. ਤੁਹਾਡੇ ਸ਼ਹਿਰ ਵਿੱਚ ਇਸ ਰਾਜ ਦੀ ਸਰਕਾਰੀ ਭਾਸ਼ਾ ਜਾਂ ਭਾਸ਼ਾਵਾਂ ਕੀ ਹਨ?

73. ਕੀ ਤੁਹਾਡੇ ਸ਼ਹਿਰ ਵਿੱਚ ਸਿਨੇਮਾ ਹਾਲ ਹਨ?

74. ਤੁਸੀਂ ਆਪਣੇ ਸ਼ਹਿਰ ਵਿੱਚ ਫਿਲਮ ਦੇਖਣ ਲਈ ਕਿਹੜੀਆਂ ਥਾਵਾਂ 'ਤੇ ਜਾ ਸਕਦੇ ਹੋ? ਤੇ ਉੱਥੇ ਕਿਵੇਂ ਪਹੁੰਚਿਆ ਜਾ ਸਕਦਾ ਹੈ?

75. ਕੀ ਤੁਹਾਡੇ ਸ਼ਹਿਰ ਵਿੱਚ ਨਾਟਕ ਖੇਡੇ ਜਾਂਦੇ ਹਨ? ਕਿੱਥੇ? ਕਦੋਂ? ਉੱਥੇ ਕਿਵੇਂ ਪਹੁੰਚਿਆ ਜਾ ਸਕਦਾ ਹੈ?

76. ਤੁਹਾਡੇ ਸ਼ਹਿਰ ਵਿੱਚ ਕਿਹੜੇ ਪਾਰੰਪਰਿਕ ਖਿਡੌਣੇ ਬਣਾਏ ਜਾਂਦੇ ਹਨ? ਉਹ ਕਿੱਥੇ ਖਰੀਦੇ ਜਾ ਸਕਦੇ ਹਨ?

77. ਇੱਥੇ ਲੋਕ ਕਿਹੜੇ ਪੇਸ਼ੇ/ਕੰਮ ਕਰਦੇ ਹਨ?

78. ਤੁਹਾਡੇ ਸ਼ਹਿਰ ਵਿੱਚ ਦੇਖਣਯੋਗ ਸਥਾਨ ਕੀ ਹਨ? ਉਹ ਮਸ਼ਹੂਰ ਕਿਉਂ ਹਨ? ਉਸ ਦੀਆਂ ਖਾਸ ਗੱਲਾਂ ਕੀ ਹਨ?

79. ਤੁਹਾਡੀ ਥਾਂ ਤੇ ਕਿਹੜੀਆਂ ਵਿੱਦਿਅਕ ਸੰਸਥਾਵਾਂ ਮਸ਼ਹੂਰ ਹਨ?

80. ਤੁਹਾਡੇ ਸ਼ਹਿਰ ਵਿੱਚ ਆਵਾਜਾਈ ਦੇ ਕਿਹੜੇ ਸਾਧਨ ਉਪਲਬਧ ਹਨ?

81. ਤੁਹਾਡੇ ਸ਼ਹਿਰ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਕਿਵੇਂ ਹੈ?

82. ਤੁਹਾਡੇ ਸ਼ਹਿਰ ਵਿੱਚ ਕਿਹੜੇ ਬਾਜ਼ਾਰ ਸਭ ਤੋਂ ਮਸ਼ਹੂਰ ਹਨ? ਕਿਹੜੇ ਬਾਜ਼ਾਰ ਕਿਸ ਲਈ ਮਸ਼ਹੂਰ ਹਨ?

ਪਹਿਰਾਵਾ

83. ਕੀ ਤੁਸੀਂ ਸਾਨੂੰ ਆਪਣੇ ਸ਼ਹਿਰ ਦੇ ਵੱਖ-ਵੱਖ ਪਹਿਰਾਵੇ ਬਾਰੇ ਕੁਝ ਦੱਸ ਸਕਦੇ ਹੋ?

84. ਤੁਹਾਡੇ ਸ਼ਹਿਰ ਵਿੱਚ ਕਿਹੋ ਜਿਹੇ ਕੱਪੜੇ ਪਹਿਨੇ ਜਾਂਦੇ ਹਨ?

85. ਕੀ ਤੁਸੀਂ ਸਾਨੂੰ ਆਪਣੇ ਸ਼ਹਿਰ ਵਿੱਚ ਵੱਖ-ਵੱਖ ਪਹਿਰਾਵੇ ਦੇ ਪਿੱਛੇ ਦੀਆਂ ਕਹਾਣੀਆਂ ਦੱਸ ਸਕਦੇ ਹੋ?

86. ਤੁਹਾਡੇ ਸ਼ਹਿਰ ਦੇ ਪਹਿਰਾਵੇ ਵਿੱਚ ਕਿਸ ਕਿਸਮ ਦੇ ਰੰਗ ਅਤੇ ਡਿਜ਼ਾਈਨ ਪ੍ਰਮੁੱਖ ਹਨ?

87. ਤੁਹਾਡੇ ਸ਼ਹਿਰ ਵਿੱਚ ਖਾਸ ਤਿਓਹਾਰਾਂ ਲਈ ਕਿਹੜੇ ਪਹਿਰਾਵੇ ਪਹਿਨੇ ਜਾਂਦੇ ਹਨ?

88. ਤੁਹਾਡੇ ਸੂਬੇ ਦਾ ਰਵਾਇਤੀ ਪਹਿਰਾਵਾ ਕੀ ਹੈ? ਸਰਦੀਆਂ ਵਿੱਚ ਲੋਕ ਕਿਹੋ ਜਿਹੇ ਕੱਪੜੇ ਪਾਉਂਦੇ ਹਨ? ਤੁਸੀਂ ਗਰਮੀਆਂ ਵਿੱਚ ਕਿਸ ਤਰ੍ਹਾਂ ਦੇ ਕੱਪੜੇ ਪਾਉਂਦੇ ਹੋ?

ਸ਼ਖਸੀਅਤਾਂ / ਸੁਤੰਤਰਤਾ ਸੈਨਾਨੀ

89. ਮੈਂ ਤੁਹਾਡੇ ਸ਼ਹਿਰ ਦੇ ਸਥਾਨਕ ਸੁਤੰਤਰਤਾ ਸੈਨਾਨੀਆਂ ਬਾਰੇ ਜਾਣਨਾ ਚਾਹੁੰਦਾ ਹਾਂ! ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਤੁਹਾਡੇ ਸ਼ਹਿਰ ਦੇ ਸੁਤੰਤਰਤਾ ਸੈਨਾਨੀ ਕੌਣ ਹਨ? ਅਤੇ ਉਨ੍ਹਾਂ ਨਾਲ ਸਬੰਧਤ ਕਹਾਣੀਆਂ ਕੀ ਹਨ?

90. ਤੁਹਾਡੇ ਸ਼ਹਿਰ ਦੇ ਸੁਤੰਤਰਤਾ ਸੈਨਾਨੀ ਦੇ ਵਿਚਾਰਾਂ ਅਤੇ ਯੋਗਦਾਨ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਿਹੜੇ ਸਥਾਨਕ ਸਰੋਤ ਉਪਯੋਗੀ ਹੋ ਸਕਦੇ ਹਨ?

91. ਤੁਹਾਡੇ ਸੂਬੇ ਵਿੱਚ ਭਾਰਤੀ ਸੁਤੰਤਰਤਾ ਸੰਗਰਾਮ ਨਾਲ ਸਬੰਧਤ ਮਹੱਤਵਪੂਰਨ ਸਥਾਨ ਕਿਹੜੇ ਹਨ?

92. ਤੁਹਾਡੇ ਸੂਬੇ ਦੇ ਪ੍ਰਮੁੱਖ ਸੁਤੰਤਰਤਾ ਸੈਨਾਨੀ ਕੌਣ ਹਨ?

93. ਤੁਹਾਡੇ ਸੂਬੇ ਦੀਆਂ ਪ੍ਰਮੁੱਖ ਹਸਤੀਆਂ ਕੌਣ ਹਨ?

94. ਆਪਣੇ ਸੂਬੇ ਦੇ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਿਤ ਵਿਅਕਤੀਆਂ ਦੇ ਨਾਂ ਦੱਸੋ?

ਖੇਡਾਂ

95. ਤੁਹਾਡੇ ਸ਼ਹਿਰ ਵਿੱਚ ਕਿਹੜੀਆਂ ਖੇਡਾਂ ਬਹੁਤ ਮਸ਼ਹੂਰ ਹਨ?

96. ਕੀ ਤੁਹਾਡੇ ਸ਼ਹਿਰ ਵਿੱਚ ਕਿਸੇ ਖਾਸ ਖੇਡ ਦਾ ਕੋਈ ਮਹੱਤਵਪੂਰਨ ਇਤਿਹਾਸ ਹੈ?

97. ਸ਼ਹਿਰ ਵਿੱਚ ਕਿਸ ਕਿਸਮ ਦੀਆਂ ਖੇਡਾਂ ਮੁੱਖ ਤੌਰ 'ਤੇ ਪ੍ਰਦਰਸ਼ਿਤ ਹੁੰਦੀਆਂ ਹਨ?

98. ਤੁਹਾਡੇ ਸ਼ਹਿਰ ਵਿੱਚ ਕਿੰਨੇ ਖੇਡ ਕੰਪਲੈਕਸ ਅਤੇ ਸਟੇਡੀਅਮ ਹਨ?

99. ਕੀ ਤੁਹਾਡੇ ਸ਼ਹਿਰ ਵਿੱਚ ਕੋਈ ਵਿਸ਼ੇਸ਼ ਖੇਡ ਸਮਾਗਮ ਜਾਂ ਮੁਕਾਬਲੇ ਹਨ?

100. ਕੀ ਤੁਹਾਡੇ ਸ਼ਹਿਰ ਦੇ ਕਿਸੇ ਖਿਡਾਰੀ ਨੇ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਕਿਸੇ ਮਹੱਤਵਪੂਰਨ ਮੁਕਾਬਲੇ ਵਿੱਚ ਹਿੱਸਾ ਲਿਆ ਹੈ?

101. ਤੁਹਾਡੇ ਸ਼ਹਿਰ ਦੇ ਸਪੋਰਟਸ ਕਲੱਬਾਂ ਅਤੇ ਟੀਮਾਂ ਦੇ ਨਾਮ ਕੀ ਹਨ, ਅਤੇ ਉਹਨਾਂ ਦੀਆਂ ਪ੍ਰਮੁੱਖ ਪ੍ਰਾਪਤੀਆਂ ਕੀ ਹਨ?

ਧਾਰਮਿਕ ਸਥਾਨ

102. ਕੀ ਤੁਸੀਂ ਮੈਨੂੰ ਆਪਣੇ ਸ਼ਹਿਰ ਦੇ ਮਹੱਤਵਪੂਰਨ ਧਾਰਮਿਕ ਸਥਾਨਾਂ ਬਾਰੇ ਦੱਸ ਸਕਦੇ ਹੋ? ਉੱਥੇ ਕਿੱਦਾਂ ਪਹੁੰਚਿਆ ਜਾ ਸਕਦਾ ਹੈ?

ਲੋਕ ਗੀਤ ਅਤੇ ਲੋਕਧਾਰਾ

103. ਤੁਹਾਡੇ ਸ਼ਹਿਰ ਵਿੱਚ ਕਿਹੜੇ ਲੋਕ ਗੀਤ ਅਤੇ ਲੋਕ ਗਾਥਾਵਾਂ ਮਸ਼ਹੂਰ ਹਨ?

104. ਕੀ ਤੁਸੀਂ ਮੈਨੂੰ ਆਪਣੇ ਸ਼ਹਿਰ ਦੇ ਮੁੱਖ ਲੋਕ ਗੀਤਾਂ ਦੇ ਨਾਮ ਦੱਸ ਸਕਦੇ ਹੋ?

105. ਤੁਹਾਡੇ ਸ਼ਹਿਰ ਦੇ ਲੋਕ ਗੀਤਾਂ ਅਤੇ ਲੋਕਧਾਰਾ ਦੀਆਂ ਪੁਸਤਕਾਂ ਕਿੱਥੇ ਉਪਲੱਬਧ ਹਨ?

ਕਾਰੋਬਾਰ

106. ਆਮ ਤੌਰ 'ਤੇ, ਇੱਥੋਂ ਦੇ ਲੋਕ ਰੋਜ਼ੀ-ਰੋਟੀ ਲਈ ਕਿਸ ਤਰ੍ਹਾਂ ਦੇ ਕਿੱਤਿਆਂ/ਉਦਯੋਗਾਂ 'ਤੇ ਨਿਰਭਰ ਕਰਦੇ ਹਨ?

107. ਇੱਥੇ ਜ਼ਿਆਦਾਤਰ ਕਿਸ ਤਰ੍ਹਾਂ ਦੀਆਂ ਫੈਕਟਰੀਆਂ ਹੋਣਗੀਆਂ?

ਵਾਤਾਵਰਣ

108. ਤੁਹਾਡੇ ਸੂਬੇ ਵਿੱਚ ਊਰਜਾ ਸੰਬੰਧੀ ਕਿਹੜੇ ਸਰੋਤ ਵਰਤੇ ਜਾਂਦੇ ਹਨ?

109. ਤੁਹਾਡੇ ਸੂਬੇ ਵਿੱਚ ਵਿਕਲਪਕ ਊਰਜਾ ਦੇ ਸਰੋਤ ਕੀ ਹਨ?

110. ਤੁਹਾਡੇ ਸੂਬੇ ਵਿੱਚ ਕੂੜੇ ਦੇ ਨਿਪਟਾਰੇ ਲਈ ਕਿਹੜੇ ਤਰੀਕੇ ਵਰਤੇ ਜਾਂਦੇ ਹਨ?

111. ਕੀ ਤੁਹਾਡੇ ਸੂਬੇ ਵਿੱਚ ਕੂੜਾ ਰੀਸਾਈਕਲ ਕੀਤਾ ਜਾਂਦਾ ਹੈ?

112. ਪੋਲੀਥੀਨ ਅਤੇ ਪਲਾਸਟਿਕ ਦੀ ਬੇਮਤਲਬ ਵਰਤੋਂ ਨੂੰ ਰੋਕਣ ਲਈ ਤੁਹਾਡੇ ਸੂਬੇ ਵਿੱਚ ਕੀ ਪ੍ਰਣਾਲੀ ਹੈ?

ਸ਼ਬਦਾਂ ਦੀ ਹੇਠ ਲਿਖੀ ਸੂਚੀ "ਭਾਸ਼ਾ ਸੰਗਮ" ਦਸਤਾਵੇਜ਼ ਵਿੱਚੋਂ ਚੁਣੀ ਗਈ ਹੈ

https://ncert.nic.in/bs-2021.php

ਬੱਚੇ ਆਪਣੀਆਂ ਭਾਸ਼ਾਵਾਂ ਤੋਂ ਸੂਚੀ ਵਿੱਚ ਹੋਰ ਸ਼ਬਦ ਸ਼ਾਮਲ ਕਰ ਸਕਦੇ ਹਨ।